ਸਿਹਤ ਸਿੱਖਿਆ ਨੀਤੀ

ਮੂਲ ਕਾਰਣ

ਸਕੂਲ ਦਾ ਮਕਸਦ ਸਿਹਤਮੰਦ ਜੀਵਨਸ਼ੈਲੀ ਬਾਰੇ ਵਿਦਿਆਰਥੀਆਂ ਦੀ ਸਮਝ ਅਤੇ ਮਹੱਤਵ ਵਿੱਚ ਸੁਧਾਰ ਕਰਕੇ ਉਹਨਾਂ ਨੂੰ ਸਕੂਲ ਤੋਂ ਬਾਹਰ ਦੇ ਜੀਵਨ ਲਈ ਤਿਆਰ ਕਰਨਾ ਹੈ। ਸਿਹਤ ਸਿੱਖਿਆ ਵਿੱਚ ਉਮਰ ਮੁਤਾਬਕ ਢੁੱਕਵੇਂ ਵੱਖ-ਵੱਖ ਤਰ੍ਹਾਂ ਦੇ ਵਿਸ਼ੇ ਸ਼ਾਮਲ ਹਨ ਅਤੇ ਇਸ ਵਿੱਚ ਨਸ਼ੀਲੀਆਂ ਦਵਾਈਆਂ ਬਾਰੇ ਜਾਗਰੂਕਤਾ (ਮਿਸਾਲ ਲਈ ਸ਼ਰਾਬ ਅਤੇ ਤਮਾਕੂ), ਖਾਣ-ਪੀਣ ਸਬੰਧੀ ਵਿਕਾਰ ਅਤੇ ਜਿਣਸੀ ਵਤੀਰਾ ਵੀ ਸ਼ਾਮਲ ਹਨ।

ਉਦੇਸ਼

ਇਸ ਸਕੂਲ ਵਿੱਚ ਅਸੀਂ ਵਿਦਿਆਰਥੀਆਂ ਨੂੰ ਆਪਣੇ ਆਤਮਬਲ ਦੀ ਵਰਤੋਂ ਕਰਨ, ਸੂਚਿਤ ਫੈਸਲੇ ਕਰਨ ਅਤੇ ਆਪਣੀ ਅਤੇ ਦੂਜਿਆਂ ਦੀ ਸਿਹਤ ਵੱਲ ਜ਼ਿੰਮੇਵਾਰੀ ਦੀ ਵਰਤੋਂ ਕਰਨ ਲਈ ਪ੍ਰੇਰਿਤ ਕਰਕੇ ਵਿਦਿਆਰਥੀਆਂ ਦੇ ਸਵੈ-ਮਾਣ ਨੂੰ ਵਧਾਉਣ ਦਾ ਜਤਨ ਕਰਦੇ ਹਾਂ। ਸਾਡੇ ਸਿਹਤ ਸਿੱਖਿਆ ਪ੍ਰੋਗਰਾਮ ਦਾ ਮਕਸਦ ਇਹ ਹੈ:

- ਸਿਹਤ ਪ੍ਰਤੀ ਸਕਾਰਾਤਮਕ ਰਵੱਈਏ ਨੂੰ ਉਤਸ਼ਾਹਤ ਕਰਨਾ
- ਜਿਣਸੀ ਸਿਹਤ (ਉਮਰ ਦੇ ਮੁਤਾਬਕ) ਸਮੇਤ, ਸਿਹਤ ਸਬੰਧੀ ਮਾਮਲਿਆਂ ਬਾਰੇ ਫੈਸਲਾ ਕਰਨ ਦੇ ਹੁਨਰਾਂ ਨੂੰ ਵਿਕਸਿਤ ਕਰਨਾ।
- ਵਿਦਿਆਰਥੀਆਂ ਨੂੰ ਫੈਸਲੇ ਲੈਣ ਵਿੱਚ ਹੁਨਰ ਹਾਸਲ ਕਰਨ ਅਤੇ ਸਿਹਤ ਦੇ ਸਬੰਧ ਵਿੱਚ ਤਣਾਅ ਦੀਆਂ ਸਥਿਤੀਆਂ ਨੂੰ ਸੰਭਾਲਣ ਅਤੇ ਨਜਿੱਠਣ ਦੇ ਸਮਰੱਥ ਬਣਾਉਣਾ।
- ਵਿਦਿਆਰਥੀਆਂ ਨੂੰ ਆਪਣੇ ਅਤੇ ਦੂਜਿਆਂ ਵੱਲ ਜ਼ਿੰਮੇਵਾਰੀਆਂ ਨੂੰ ਜਾਂਚਣ ਅਤੇ ਸਵੀਕਾਰ ਕਰਨ ਦੇ ਸਮਰੱਥ ਬਣਾਉਣਾ।
- ਢੁੱਕਵਾਂ ਜਾਣਕਾਰੀ ਦਾ ਅਧਾਰ ਅਤੇ ਅਸਲ ਸਥਿਤੀਆਂ ਨਾਲ ਨਜਿੱਠਣ ਲਈ ਹੁਨਰ ਮੁਹੱਈਆ ਕਰਕੇ ਇੱਕ ਸਿਹਤਮੰਦ ਚੁਗਿਰਦੇ ਨੂੰ ਚੁਣਨ ਅਤੇ ਕਾਇਮ ਰੱਖਣ ਲਈ ਉਹਨਾਂ ਦੀ ਜ਼ਿੰਮੇਵਾਰੀ ਬਾਰੇ ਵਿਦਿਆਰਥੀ ਦੀ ਜਾਗਰੂਕਤਾ ਨੂੰ ਵਧਾਉਣਾ।

ਦਿਸ਼ਾ-ਨਿਰਦੇਸ਼

- ਸਿਹਤ ਸਿੱਖਿਆ ਲਈ ਜ਼ਿੰਮੇਵਾਰ ਅਧਿਆਪਕ ਪੂਰੇ ਸਕੂਲ ਵਿੱਚ ਪ੍ਰੋਗਰਾਮ ਦਾ ਤਾਲਮੇਲ ਕਰਨ ਲਈ ਜ਼ਿੰਮੇਵਾਰ ਹੁੰਦਾ ਹੈ।
- ਸਿਹਤ ਸਿੱਖਿਆ ਦੋਗਲੇ-ਪਾਠਕ੍ਰਮ ਵਿਸ਼ੇ ਵਜੋਂ ਅਤੇ ਨਿੱਜੀ, ਸਮਾਜਿਕ ਅਤੇ ਸਿਹਤ ਸਿੱਖਿਆ (PSHE) ਦੋਹਾਂ ਵਜੋਂ ਪ੍ਰਦਾਨ ਕੀਤੀ ਜਾਂਦੀ ਹੈ।
- ਜਿੱਥੇ ਢੁੱਕਵਾਂ ਹੋਵੇ, ਬਾਹਰੀ ਏਜੰਸੀਆਂ ਨੂੰ ਸਿਹਤ ਸਿੱਖਿਆ ਪ੍ਰੋਗਰਾਮ ਪ੍ਰਦਾਨ ਕਰਨ ਵਿੱਚ ਮਦਦ ਲਈ ਸੱਦਿਆ ਜਾਂਦਾ ਹੈ।
- ਸਰਗਰਮ ਸਿੱਖਿਆ, ਗਰੁੱਪ ਵਿੱਚ ਕੰਮ, ਵਿਜ਼ੁਅਲ ਸਾਧਨਾਂ ਦੀ ਵਰਤੋਂ, ਵੀਡੀਓ ਅਤੇ ਹੋਰ ਮੀਡੀਆ ਸਮੇਂ ਵੱਖ-ਵੱਖ ਅਧਿਆਪਨ ਕਾਰਜਨੀਤੀਆਂ ਦੀ ਵਰਤੋਂ ਕੀਤੀ ਜਾਂਦੀ ਹੈ।
- ਵਿਦਿਆਰਥੀਆਂ ਕੋਲ ਆਪਣੀ ਉਮਰ ਮੁਤਾਬਕ ਢੁੱਕਵੇਂ ਸਾਥੀਆਂ ਅਤੇ ਸਟਾਫ਼ ਨਾਲ ਮੁੱਦਿਆਂ ਬਾਰੇ ਚਰਚਾ ਕਰਨ ਦੇ ਮੌਕੇ ਹੁੰਦੇ ਹਨ।
- ਵਿਦਿਆਰਥੀਆਂ ਕੋਲ ਆਪਣੀਆਂ ਕਦਰਾਂ-ਕੀਮਤਾਂ ਅਤੇ ਸਿਹਤ ਮੁੱਦਿਆਂ ਪ੍ਰਤੀ ਦ੍ਰਿਸ਼ਟੀਕੋਣਾਂ ਦੀ ਭਾਲ ਕਰਨ ਦੇ ਮੌਕੇ ਹੁੰਦੇ ਹਨ।
- ਸਕੂਲ ਵਿੱਚ ਕੀਤੀਆਂ ਜਾਣ ਵਾਲੀਆਂ ਮੁੱਢਲੀਆਂ ਡਾਕਟਰੀ ਕਾਰਜ-ਵਿਧੀਆਂ ਜਿਵੇਂ ਕਿ ਡੈਂਟਲ ਚੈਕਅੱਪ, ਟੀਕਾਕਰਣਾਂ ਲਈ ਸਕੂਲ ਅੰਦਰ ਹੀ ਪ੍ਰਬੰਧ ਕੀਤਾ ਜਾਂਦਾ ਹੈ।
- ਸਿਹਤ ਮੁੱਦਿਆਂ ਨਾਲ ਉਚਿੱਤ ਰੂਪ ਵਿੱਚ ਸਕੂਲ ਅਸੈਂਬਲੀਆਂ ਵਿੱਚ ਨਜਿੱਠਿਆ ਜਾਂਦਾ ਹੈ।
- ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ ਜਾਂਦਾ ਹੈ ਕਿ ਜਿੱਥੇ ਇਹ ਸਮਝਿਆ ਜਾਂਦਾ ਹੈ ਕਿ ਵਿਦਿਆਰਥੀ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਵਰਗੇ ਜੋਖਮ ਭਰੇ ਵਤੀਰੇ ਵਿੱਚ ਸ਼ਾਮਲ ਹੈ, ਉੱਥੇ ਅਧਿਆਪਕ ਗੁਪਤਤਾ ਦੀ ਕੋਈ ਗਾਰੰਟੀ ਨਹੀਂ ਦੇ ਸਕਦੇ। ਅਜਿਹੀਆਂ ਸਥਿਤੀਆਂ ਵਿੱਚ ਵਿਵਾਦਗ੍ਰਸਤ ਵਿਦਿਆਰਥੀ ਦਾ ਹਵਾਲਾ ਮਨੋਨੀਤ ਅਧਿਆਪਕ ਨੂੰ ਦਿੱਤਾ ਜਾਂਦਾ ਹੈ।